# ਗਰਭਕਾਲ ਦੇ ਦੌਰਾਨ

✳ ਆਪਣੇ ਡਾਕਟਰ ਜਾਂ ਸਿਹਤ ਦੀ ਮੁਢਲੀ ਦੇਖਭਾਲ ਕਰਨ ਵਾਲੇ ਨੂੰ ਨਿਯਮਕ ਮਿਲੋ।

✳ **ਬੇਬੀਜ਼ ਬੈਸਟ ਚਾਂਸ** ਦੀ ਕਾਪੀ ਲਉ– ਇਹ ਗਰਭਕਾਲ ਅਤੇ ਬੱਚੇ ਦੀ ਸੰਭਾਲ ਬਾਰੇ ਇਕ ਕਿਤਾਬ ਹੈ ਜੋ ਤੁਹਾਡੇ ਸਥਾਨਕ ਹੈਲਥ ਯੂਨਿਟ ਤੋਂ ਮੁਫਤ ਮਿਲਦੀ ਹੈ।

✳ ਪ੍ਰੀਨੇਟਲ ਕਲਾਸਾਂ – ਪ੍ਰੀਨੇਟਲ ਕਲਾਸਾਂ ਲਈ ਜਲਦੀ ਰਜਿਸਟਰ ਹੋਵੋ।

✳ ਗਰਭਕਾਲ ਦੇ 20 ਹਫਤਿਆਂ ਤਕ ਹਸਪਤਾਲ ਵਿਚ ਰਜਿਸਟਰੇਸ਼ਨ ਕਰਵਾਉ :

- ਇਹ ਤੁਹਾਨੂੰ ਸਿਹਤਮੰਦ ਗਰਭਕਾਲ, ਜਨਮ ਦੇਣ ਅਤੇ ਘਰ ਵਾਪਿਸ ਆਉਣ ਵਿਚ ਮਦਦ ਕਰਦਾ ਹੈ।

- ਤੁਹਾਨੂੰ ਮੌਜੂਦਾ ਕਮਿਊਨਿਟੀ ਰਿਸੋਰਸਿਜ਼ ਬਾਰੇ ਪਤਾ ਲਗਣ ਦਾ ਮੌਕਾ ਮਿਲਦਾ ਹੈ।

- ਹਸਪਤਾਲ ਦਾਖਲ ਹੋਣ ਵੇਲੇ ਤੁਹਾਡਾ ਸਮਾਂ ਬਚਾਉਂਦਾ ਹੈ।

**ਬੱਚੇ ਦੇ ਜਨਮ ਲਈ ਹੁਣੇ ਹੀ ਯੋਜਨਾ ਬਣਾਉ:**

✳ ਬੱਚੇ ਲਈ ਤੁਹਾਨੂੰ ਕੀ ਚਾਹੀਦਾ ਹੈ?

✳ ਬੱਚੇ ਦੀ ਸੰਭਾਲ, ਘਰ ਦਾ ਕੰਮ-ਕਾਜ ਕਰਨ, ਭੋਜਨ ਅਤੇ ਕਪੜੇ ਧੋਣ ਲਈ ਤੁਹਾਡੀ ਕੌਣ ਮਦਦ ਕਰੇਗਾ?

# ਹਸਪਤਾਲ ਵਿਚ

✳ ਬੱਚੇ ਦੇ ਜਨਮ ਦੇ ਬਾਅਦ, ਹਸਪਤਾਲ ਵਿਚ ਔਸਤਨ ਰਹਿਣਾ...
ਸਾਧਾਰਣ ਜਨਮ: 12–36 ਘੰਟੇ
ਸੀਜ਼ਰੀ ਜਨਮ (ਉਪਰੇਸ਼ਨ ਨਾਲ ਬੱਚੇ ਦਾ ਜਨਮ): 3–4 ਦਿਨ
ਯਾ ਫਿਰ ਤੁਹਾਡੀ ਜਾਂ ਤੁਹਾਡੇ ਬੱਚੇ ਦੀ ਸਿਹਤ ਠੀਕ ਨਾ ਹੋਵੇ।

✳ ਤੁਹਾਡਾ ਬੱਚਾ ਆਮ ਤੌਰ ਤੇ ਤੁਹਾਡੇ ਨਾਲ ਤੁਹਾਡੇ ਕਮਰੇ ਵਿਚ ਰਹੇਗਾ।

✳ ਤੁਹਾਡੇ ਹਸਪਤਾਲ ਦੀਆਂ ਨਰਸਾਂ ਤੁਹਾਡੀ ਜਾਂ ਬੱਚੇ ਨਾਲ ਸੰਬਧਤ ਮੁਸ਼ਕਲਾਂ ਲਈ ਤੁਹਾਡੀ ਮਦਦ ਕਰਨਗੇ।

✳ ਤੁਹਾਡੀ ਮਦਦ ਲਈ ਲਿਖੀ ਜਾਣਕਾਰੀ ਦਿੱਤੀ ਜਾਵੇਗੀ:

- ਆਪਣੇ ਆਪ ਦੀ ਸੰਭਾਲ ਕਰਨਾ
- ਆਪਣੇ ਨਵੇਂ ਬੱਚੇ ਦੀ ਸੰਭਾਲ ਕਰਨਾ
- ਸਹਾਇਤਾ ਲਈ ਕਿਸ ਨੂੰ ਅਤੇ ਕਦੋਂ ਫੋਨ ਕਰਨਾ

✳ ਅਗਲੀ ਅਪਾਇੰਟਮੈਂਟ ਲਈ ਆਪਣੇ ਡਾਕਟਰ ਜਾਂ ਮੁਢਲੀ ਹੈਲਥ ਕੇਅਰ ਪ੍ਰੋਵਾਇਡਰ ਨਾਲ ਚੈਕ ਕਰੋ।

✳ ਤੁਹਾਡੇ ਸਥਾਨਕ ਹੈਲਥ ਯੂਨਿਟ ਨੂੰ ਤੁਹਾਡੇ ਘਰ ਜਾਣ ਦੇ ਦਿਨ ਬਾਰੇ ਦਸ ਦਿੱਤਾ ਜਾਵੇਗਾ।
✳ ਜੇਕਰ ਤੁਸੀਂ ਆਪਣੇ ਘਰ ਦੀ ਜਗ੍ਹਾਂ ਕਿਸੇ ਹੋਰ ਐਡਰਸ ਤੇ ਰਹੋਗੇ ਤਾਂ ਨਰਸ ਜਾਂ ਕਲਰਕ ਨੂੰ ਦਸੋ।
✳ ਜਨਮ ਦੇ ਰਜਿਸਟਰੇਸ਼ਨ ਫਾਰਮਾਂ ਬਾਰੇ ਪੁੱਛੋ।

# ਘਰ ਵਿਚ

✳ ਇਕ ਪਬਲਿਕ ਹੈਲਥ ਨਰਸ ਤੁਹਾਡੇ ਘਰ ਵਾਪਿਸ ਜਾਣ ਦੇ 24 ਘੰਟਿਆਂ ਵਿਚ ਫੋਨ ਕਰੇਗੀ। ਜੇਕਰ ਤੁਹਾਨੂੰ ਕੋਈ ਫੋਨ ਨਹੀਂ ਆਉਂਦਾ ਤਾਂ ਕ੍ਰਿਪਾ ਕਰਕੇ ਆਪਣੇ ਇਲਾਕੇ ਦੇ ਹੈਲਥ ਯੂਨਿਟ ਨੂੰ ਫੋਨ ਕਰੋ।
✳ ਪਬਲਿਕ ਹੈਲਥ ਨਰਸ ਘਰ ਵਿਚ ਮੁਲਾਕਾਤ ਕਰਨ ਲਈ ਪ੍ਰਬੰਧ ਕਰੇਗੀ।
✳ ਪਬਲਿਕ ਹੈਲਥ ਨਰਸ ਜਾਣਕਾਰੀ ਨਾਲ ਤੁਹਾਡੀ ਮਦਦ ਕਰ ਸਕਦੀ ਹੈ...

**ਤੁਹਾਡੇ ਆਪਣੇ ਬਾਰੇ:**
- ਮਾਪੇ ਬਣਨ ਦਾ ਮੇਲਾਨ ਕਰਨਾ
- ਛਾਤੀ ਦਾ ਦੁੱਧ ਪਿਆਉਣਾ
- ਸਰੀਰਿਕ ਸਿਹਤ
- ਪੁਸ਼ਟ ਆਹਾਰ (ਨਰੋਆ ਭੋਜਨ)
- ਭਾਵਨਾਵਾਂ ਦੇ ਵਿਸ਼ੇ
- ਜਣੇਪੇ ਦੇ ਬਾਦ ਦੀਆਂ ਕਸਰਤਾਂ
- ਆਰਾਮ ਅਤੇ ਨੀਂਦ
- ਪਰਿਵਾਰ ਨਿਯੋਜਨ

**ਤੁਹਾਡੇ ਬੱਚੇ ਬਾਰੇ:**
- ਦੁੱਧ ਪਿਆਉਣਾ ਅਤੇ ਭਾਰ ਦਾ ਵਧਣਾ
- ਰੋਣਾ
- ਸੌਣਾ
- ਵਧਣਾ ਅਤੇ ਵਿਕਸਤ ਹੋਣਾ (ਡਵਲਪਮੈਂਟ)
- ਬੀਮਾਰੀਆਂ ਤੋਂ ਬਚਾਉਣ ਦੇ ਟੀਕੇ (ਵੈਕਸੀਨੇਸ਼ਨ)
- ਸੁੱਰਖਿਆ

**ਕਮਿਊਨਿਟੀ ਰਿਸੋਰਸਿਜ਼ ਬਾਰੇ:**
- ਬੇਬੀ ਕਲੀਨਿਕਸ
- ਮਾਤਾ-ਪਿਤਾ ਅਤੇ ਬੱਚਿਆਂ ਦੇ ਗੱਰੁਪ
- ਹੋਰ ਸੇਵਾਵਾਂ

**ਪਬਲਿਕ ਹੈਲਥ ਨਰਸਿੰਗ ਦੀਆਂ ਸੇਵਾਵਾਂ ਮੁਫਤ ਦਿੱਤੀਆਂ ਜਾਂਦੀਆ ਹਨ।**

## ਯਾਦ ਰਖੋ

ਗਰਭਕਾਲ, ਜਨਮ ਅਤੇ ਜਨਮ ਦੇਣ ਦੇ ਬਾਅਦ, ਇਹ ਸਭ ਜ਼ਿੰਦਗੀ ਦੇ ਤਜਰਬਿਆਂ ਦੇ ਹਿੱਸੇ ਹਨ।
ਇਕ ਸਿਹਤਮੰਦ ਅਨੁਭਵ ਲਈ ਪਹਿਲਾਂ ਤਿਆਰੀ ਕਰੋ।

Maternity Services
March, 2005

## ਹੋਰ ਜਾਣਕਾਰੀ ਲਈ ਆਪਣੇ ਸਥਾਨਕ ਹੈਲਥ ਯੂਨਿਟ ਤੇ ਫੋਨ ਕਰੋ:

**ਕਲੋਵਰਡੇਲ** (604) 575-5100
17536 58 ਐਵਿਨਿਊ, ਸਰੀ, ਬੀ ਸੀ

**ਗਿਲਫੋਰਡ** (604) 587-4750
100, 10233 153 ਸਟਰੀਟ, ਸਰੀ, ਬੀ ਸੀ

**ਸਾਊਥ ਡੈਲਟਾ** (604) 952-3550
4470 ਕਲੇਰੇਂਸ ਟੇਲਰ ਕਰੇਸੈਂਟ, ਲੈਡਨਰ

**ਲੈਂਗਲੀ** (604) 532-2300
22033 ਫਰੇਜ਼ਰ ਹਾਈਵੇ, ਲੈਂਗਲੀ, ਬੀ ਸੀ

**ਨਿਊਟਨ** (604) 592-2000
#200, 7337- 137 ਸਟਰੀਟ, ਸਰੀ, ਬੀ ਸੀ

**ਨੌਰਥ ਡੈਲਟਾ** (604) 507-5400
11245- 84 ਐਵਿਨਿਊ, ਨੌਰਥ ਡੈਲਟਾ, ਬੀ ਸੀ

**ਨੋਰਥ ਸਰੀ** (604) 587-7900
220, 10362 ਕਿੰਗ ਜੌਰਜ ਹਾਈਵੇ, ਸਰੀ

**ਵਾਇ੍ਹਟ ਰੌਕ/ ਸਾਊਥ ਸਰੀ** (604) 542-4000
ਬਾਰਕਲੀ ਪੈਵਿਲਿਅਨ
15476 ਵਾਈਨ ਐਵਿਨਿਊ, ਵਾਇ੍ਹਟ ਰੌਕ, ਬੀ ਸੀ

# ਤੁਹਾਡੇ ਲਈ ਗਰਭਕਾਲ ਸੇਵਾਵਾਂ:

Maternity Services for you:

- ਗਰਭਕਾਲ ਸਮੇਂ
- ਹਸਪਤਾਲ ਵਿਚ
- ਘਰ ਵਿਚ

fraserhealth Better health. Best in health care.

PRINTSHOP #252369 MAR2005